## ਪੰਜਾਬ ਸਕੂਲ ਸਿੱਖਿਆ ਬੋਰਡ

-----------------

## ਪ੍ਰੈਸ ਨੋਟ

ਮੈਟ੍ਰਿਕ ਅਤੇ ਬਾਰਵ੍ਹੀਂ ਪਰੀਖਿਆ ਮਾਰਚ 2014 ਦੇ ਨਤੀਜੇ ਵਿੱਚ ਕਾਰਜ ਕੁਸ਼ਲਤਾ ਲਿਆਉਣ ਲਈ ਰੈਗੂਲਰ ਸਕੂਲਾਂ ਦੇ ਪਰੀਖਿਆਰਥੀਆਂ ਦੇ ਸੀ.ਸੀ.ਈ ਦੇ ਅੰਕ ਸਕੂਲਾਂ ਤੋਂ ਆਨ ਲਾਈਨ ਭਰਨ ਲਈ 25 ਫਰਵਰੀ 2014 ਤੱਕ ਦਾ ਸਮਾਂ ਦਿੱਤਾ ਗਿਆ ਹੈ। ਸੀ.ਸੀ.ਈ ਦੇ ਅੰਕਾਂ ਲਈ ਅੰਕ ਸੂਚੀ ਆਨ ਲਾਈਨ ਭਰਨ ਲਈ ਸਕੂਲ ਆਈ.ਡੀ. ਤੇ ਲਾਈਵ ਕਰ ਦਿੱਤੀ ਗਈ ਹੈ । ਇਸ ਤੋਂ ਇਲਾਵਾ ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ ਭਰਨ ਲਈ ਸਮਾਂ ਮਿਤੀ 27-03-2014 ਤੱਕ ਦਿੱਤਾ ਗਿਆ ਹੈ। ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ ਲਈ ਅੰਕ ਸੂਚੀ ਮਿਤੀ 06-03-2014 ਨੂੰ ਸਕੂਲਾਂ ਦੀ ਆਈ. ਡੀ ਤੇ ਲਾਈਵ ਕੀਤੀ ਜਾਵੇਗੀ। ਸਕੂਲ ਮੁਖੀ ਸੀ.ਸੀ.ਈ ਦੇ ਅੰਕ ਅਤੇ ਗਰੇਡ ਆਨ ਲਾਈਨ ਭਰਨ ਤੋਂ ਪਹਿਲਾਂ ਸੀ.ਸੀ.ਈ ਅਤੇ ਗਰੇਡਿੰਗ ਸਬੰਧੀ ਹਦਾਇਤਾਂ ਵੇਖ ਲੈਣ। ਸਕੂਲ ਮੁਖੀ ਸੀ.ਸੀ.ਈ ਦੇ ਅੰਕ ਅਤੇ ਗਰੇਡ ਆਨ ਲਾਈਨ ਭਰਨ ਉਪਰੰਤ ਉਸ ਦਾ ਪ੍ਰਿੰਟ ਡਾਊਨ ਲੋਡ ਕਰਕੇ ਆਪਣੇ ਰਿਕਾਰਡ ਵਿੱਚ ਰੱਖਣ ਅਤੇ ਉਸ ਦੀ ਤਸਦੀਕ ਸ਼ੁਦਾ ਇਕ ਕਾਪੀ ਜ਼ਿਲ੍ਹਾ ਪੱਧਰ ਤੇ ਸਥਿਤ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਆਖਰੀ ਮਿਤੀ ਤੋਂ 5 ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣ ਜੇਕਰ ਕਿਸੇ ਸਕੂਲ ਮੁਖੀ ਵਲੋਂ ਅਜਿਹਾ ਨਹੀਂ ਕੀਤਾ ਗਿਆ ਤਾਂ ਉਸ ਸਕੂਲ ਦੀ ਸੀ.ਸੀ.ਈ ਦੇ ਅੰਕ ਅਤੇ ਗਰੇਡਿੰਗ ਵਾਲੇ ਵਿਸ਼ਿਆਂ ਦੀ ਗਰੇਡਿੰਗ ਨਹੀਂ ਮੰਨੀ ਜਾਵੇਗੀ।

ਸਕੱਤਰ